

# ਕੈਨੇਡਾ ਸਿੱਖਿਆ ਬਚਤ ਅਨੁਦਾਨ



## ਹੁਣ ਧੰਨ ਪ੍ਰਾਪਤ ਕਰੋ

### ਹਾਈ ਸਕੂਲ ਤੋਂ ਬਾਅਦ ਤੁਹਾਡੇ ਬੱਚੇ ਦੀ ਸਿੱਖਿਆ ਲਈ

Government of Canada / Gouvernement du Canada

Canada

LC-009-03-05



## ਕੈਨੇਡਾ ਸਿੱਖਿਆ ਬਚਤ ਅਨੁਦਾਨ ਕੀ ਹੈ ?

- ਕੈਨੇਡਾ ਸਿੱਖਿਆ ਬਚਤ ਅਨੁਦਾਨ (Canada Education Savings Grant (CESG)/Subvention canadienne pour l'épargne-études (SCEE)) ਕੈਨੇਡਾ ਸਰਕਾਰ ਵੱਲੋਂ ਹਾਈ ਸਕੂਲ ਤੋਂ ਬਾਅਦ ਤੁਹਾਡੇ ਬੱਚੇ ਦੀ ਸਿੱਖਿਆ ਲਈ ਇੱਕ ਅਨੁਦਾਨ ਹੈ।
- ਤੁਹਾਡੇ ਦੁਆਰਾ ਆਪਣੇ ਬੱਚੇ ਦੇ **ਪੰਜੀਕ੍ਰਿਤ ਸਿੱਖਿਆ ਬਚਤ ਯੋਜਨਾ** (Registered Education Savings Plan (RESP)/Régime enregistré d'épargne-études (REEE)) ਵਿੱਚ ਰੱਖਿਅਤ ਕੀਤੇ ਜਾਣ ਵਾਲੇ **ਹਰ ਡਾੱਲਰ** ਲਈ, ਕੈਨੇਡਾ ਸਿੱਖਿਆ ਬਚਤ ਅਨੁਦਾਨ ਹੋਰ 40 ਸੈਂਟਸ ਤਕ ਵੱਧ ਸਕਦਾ ਹੈ।
- ਤੁਹਾਡਾ ਬੱਚਾ ਪਰਸ਼ਿਕਸ਼ਣ ਕਾਰਜਕ੍ਰਮ, ਵਪਾਰ ਵਿਦਿਆਲੇ, ਸੇਜੇਪ (CEGEP), ਕੱਾਲੇਜ, ਜਾਂ ਯੂਨੀਵਰਸਿਟੀ ਵਿੱਚ ਕਿਸੇ ਪੂਰੇ-ਸਮੇਂ ਜਾਂ ਆਂਸ਼ਕ-ਸਮੇਂ ਦੇ ਅਧਿਐਨਾਂ ਲਈ ਰਕਮ ਦਾ ਪ੍ਰਯੋਗ ਕਰ ਸਕਦਾ ਹੈ।
- ਦੋ ਮਿਲੀਅਨ ਤੋਂ ਵੱਧ ਬੱਚੇ ਪਹਿਲਾਂ ਹੀ ਇਸ ਕਾਰਜਕ੍ਰਮ ਤੋਂ ਫ਼ਾਇਦਾ ਪ੍ਰਾਪਤ ਕਰ ਚੁੱਕੇ ਹਨ।



## ਕੈਨੇਡਾ ਸਿੱਖਿਆ ਬਚਤ ਅਨੁਦਾਨ ਕੌਣ ਪ੍ਰਾਪਤ ਕਰਦਾ ਹੈ ?

- 17 ਸਾਲ ਦੀ ਉਮਰ ਤਕ ਹਰ ਬੱਚਾ ਕੈਨੇਡਾ ਸਿੱਖਿਆ ਬਚਤ ਅਨੁਦਾਨ ਪ੍ਰਾਪਤ ਕਰਨ ਲਈ ਯੋਗ ਹੈ।

## ਮੈਂ ਕੈਨੇਡਾ ਸਿੱਖਿਆ ਬਚਤ ਅਨੁਦਾਨ ਕਿੰਝ ਪ੍ਰਾਪਤ ਕਰ ਸਕਦਾ/ਸਕਦੀ ਹਾਂ ?

- ਤੁਹਾਨੂੰ ਇੱਕ **ਪੰਜੀਕ੍ਰਿਤ ਸਿੱਖਿਆ ਬਚਤ ਯੋਜਨਾ** ਖੁਲਵਾਉਣਾ ਪਵੇਗਾ। ਤੁਸੀਂ ਇਹ ਕਿਸੇ ਬੈਂਕ ਜਾਂ ਕਿਸੇ ਕ੍ਰੇਡਿਟ ਯੂਨੀਅਨ ਜਿਹੇ ਵਿੱਤੀ ਸੰਸਥਾਨ, ਜਾਂ ਕਿਸੇ ਸਮੂਹ ਯੋਜਨਾ ਡੀਲਰ, ਜਾਂ ਕਿਸੇ ਪਰਮਾਣਤ ਵਿੱਤੀ ਯੋਜਕ ਰਾਹੀਂ ਕਰ ਸਕਦੇ ਹੋ।




- ਤੁਹਾਨੂੰ ਆਪਣੀ ਸੂਬਾਈ ਜਾਂ ਪਰਦੇਸ਼ਕ ਸਰਕਾਰ ਤੋਂ **ਆਪਣੇ ਬੱਚੇ ਲਈ ਇੱਕ ਜਨਮ ਦਾ ਪ੍ਰਮਾਣਪੱਤਰ** ਪ੍ਰਾਪਤ ਕਰਨ ਦੀ ਲੋੜ ਹੈ।
- ਤੁਹਾਨੂੰ ਕੈਨੇਡਾ ਸਰਕਾਰ ਤੋਂ **ਆਪਣੇ ਬੱਚੇ ਲਈ ਇੱਕ ਸਮਾਜਕ ਬੀਮਾ ਸੰਖਿਆ (social insurance number (SIN)/numéro d'assurance sociale (NAS))** ਪ੍ਰਾਪਤ ਕਰਨ ਦੀ ਵੀ ਲੋੜ ਹੈ। ਇੱਕ **ਸਮਾਜਕ ਬੀਮਾ ਸੰਖਿਆ** ਲਈ ਕੋਈ ਸ਼ੁਲਕ ਨਹੀਂ ਹੈ। ਕੋਈ ਵੀ, ਭਾਵੇਂ ਇੱਕ ਨਿਆਣਾ, ਇੱਕ ਪ੍ਰਾਪਤ ਕਰ ਸਕਦਾ ਹੈ।
- ਕੈਨੇਡਾ ਸਿੱਖਿਆ ਬਚਤ ਅਨੁਦਾਨ ਸਿੱਧੀ ਤੁਹਾਡੇ ਬੱਚੇ ਦੇ RESP/REEE ਵਿੱਚ ਜਮਾ ਕਰ ਦਿੱਤੀ ਜਾਵੇਗੀ।

## ਇੱਕ RESP/REEE ਕੀ ਹੈ ?

- ਇੱਕ RESP/REEE ਤੁਹਾਡੀ, ਤੁਹਾਡੇ ਪਰਵਾਰ ਜਾਂ ਤੁਹਾਡੇ ਮਿੱਤਰਾਂ ਨੂੰ ਹਾਈ ਸਕੂਲ ਤੋਂ ਬਾਅਦ ਤੁਹਾਡੇ ਬੱਚੇ ਦੀ ਸਿੱਖਿਆ ਲਈ ਬਚਤ ਕਰਨ ਵਿੱਚ ਮਦਦ ਕਰਨ ਲਈ ਇੱਕ ਖਾਸ ਬਚਤ ਖਾਤਾ ਹੈ।
- RESP/REEE ਵਿੱਚ ਰਕਮ ਨਿਵੇਸ਼ ਕੀਤੀ ਜਾਵੇਗੀ ਤਾਂ ਜੋ ਉਹ ਵੱਧ ਸਕੇ ਅਤੇ ਵਿਆਜ ਕਮਾ ਸਕੇ।
- ਤੁਹਾਨੂੰ ਵਿਆਜ 'ਤੇ ਕਰ ਨਹੀਂ ਲੱਗੇਗਾ, ਅਤੇ ਆਮਤੌਰ 'ਤੇ ਤੁਹਾਡਾ ਬੱਚਾ ਕਰ-ਮੁਕਤ ਰਕਮ ਕੱਢਵਾ ਸਕਦਾ ਹੈ।

## ਮੈਨੂੰ RESP/REEE ਵਿੱਚ ਕਿੰਨੀ ਰਕਮ ਪਾਉਣ ਦੀ ਲੋੜ ਹੈ ?

- ਭਾਵੇਂ ਤੁਹਾਡੇ ਬੱਚੇ ਦੇ RESP/REEE ਵਿੱਚ ਕਿੰਨੀ ਵੀ ਘੱਟ ਬਚਤ ਹੋਵੇ, ਕੈਨੇਡਾ ਸਰਕਾਰ ਫਿਰ ਵੀ ਕੈਨੇਡਾ ਸਿੱਖਿਆ ਬਚਤ ਅਨੁਦਾਨ ਦਾ ਭੁਗਤਾਨ ਕਰੇਗੀ।

- ਤੁਸੀਂ, ਤੁਹਾਡਾ ਪਰਵਾਰ, ਜਾਂ ਮਿੱਤਰ ਆਪਣੀ ਇੱਛਾ ਦੇ ਮੁਤਾਬਕ ਤੁਹਾਡੇ ਬੱਚੇ ਦੇ RESP/REEE ਵਿੱਚ ਰਕਮ ਜਮਾ ਕਰ ਸਕਦੇ ਹਨ, ਅਤੇ ਤੁਸੀਂ ਆਪਣੀ ਇੱਛਾ ਦੇ ਮੁਤਾਬਕ ਜ਼ਿਆਦਾ ਜਾਂ ਘੱਟ ਬਚਤ ਕਰ ਸਕਦੇ ਹੋ।

- ਇੱਥੋਂ ਤਕ ਕਿ ਹਰ ਹਫ਼ਤੇ $5 ਵੀ ਛੇਤੀ ਵੱਧ ਸਕਦੇ ਹਨ, ਖਾਸਤੌਰ 'ਤੇ ਤੁਹਾਡੀ ਬਚਤ ਵਿੱਚ ਕੈਨੇਡਾ ਸਿੱਖਿਆ ਬਚਤ ਅਨੁਦਾਨ ਜੋੜੇ ਜਾਣ 'ਤੇ।

- ਤੁਸੀਂ ਜਿੰਨੀ ਛੇਤੀ ਬਚਤ ਕਰਨਾ ਸ਼ੁਰੂ ਕਰੋਗੇ, ਤੁਹਾਡੀ ਬਚਤ ਓਨੀ ਵਧੇਗੀ !





## ਇੱਕ RESP/REEE ਖੁਲਵਾਉਣ ਲਈ ਕੀ ਸ਼ੁਲਕ ਲੱਗਦਾ ਹੈ ?

- ਕੁਝ ਸੰਸਥਾਵਾਂ 'ਤੇ, ਤੁਸੀਂ ਬਿਨਾਂ ਕਿਸੇ ਸ਼ੁਲਕ ਦੇ ਇੱਕ RESP/REEE ਖਾਤਾ ਖੋਲ ਸਕਦੇ ਹੋ। ਦੂਜਿਆਂ 'ਤੇ, ਸ਼ੁਲਕ ਹੋ ਸਕਦਾ ਹੈ।

- ਆਪਣੀਆਂ ਜ਼ਰੂਰਤਾਂ ਦੇ ਮੁਤਾਬਕ ਇੱਕ RESP/REEE ਲੱਭਣ ਲਈ ਸਲਾਹ ਬਾਰੇ ਪੁੱਛੋ।

## ਮੈਂ ਕੈਨੇਡਾ ਸਿੱਖਿਆ ਬਚਤ ਅਨੁਦਾਨ ਦੀ ਕਿੰਨੀ ਰਕਮ ਪ੍ਰਾਪਤ ਕਰ ਸਕਦਾ/ਸਕਦੀ ਹਾਂ ?

- ਜੇਕਰ ਤੁਹਾਡੀ ਅਸਲ ਪਰਵਾਰਿਕ ਆਮਦਨੀ $35,595,* ਤੋਂ ਘੱਟ ਹੈ, ਤਾਂ ਤੁਹਾਡੇ ਦੁਆਰਾ ਆਪਣੇ ਬੱਚੇ ਦੇ RESP/REEE ਵਿੱਚ ਜਮਾ ਕੀਤੇ ਗਏ ਪਹਿਲੇ $500 ਵਿੱਚ ਹਰ ਡੱਾਲਰ 'ਤੇ ਕੈਨੇਡਾ ਸਿੱਖਿਆ ਬਚਤ ਅਨੁਦਾਨ ਤੁਹਾਨੂੰ 40 ਸੈਂਟਸ ਪ੍ਰਦਾਨ ਕਰੇਗੀ।

- ਜੇਕਰ ਤੁਹਾਡੀ ਅਸਲ ਪਰਵਾਰਿਕ ਆਮਦਨੀ $71,190,* ਤੋਂ ਘੱਟ ਹੈ, ਤਾਂ ਤੁਹਾਡੇ ਦੁਆਰਾ ਆਪਣੇ ਬੱਚੇ ਦੇ RESP/REEE ਵਿੱਚ ਜਮਾ ਕੀਤੇ ਗਏ ਪਹਿਲੇ $500 ਵਿੱਚ ਹਰ ਡੱਾਲਰ 'ਤੇ ਕੈਨੇਡਾ ਸਿੱਖਿਆ ਬਚਤ ਅਨੁਦਾਨ ਤੁਹਾਨੂੰ 30 ਸੈਂਟਸ ਪ੍ਰਦਾਨ ਕਰੇਗੀ।

- ਜੇਕਰ ਤੁਹਾਡੀ ਅਸਲ ਪਰਵਾਰਿਕ ਆਮਦਨੀ $71,190,* ਤੋਂ ਘੱਟ ਹੈ, ਤਾਂ ਤੁਹਾਡੇ ਦੁਆਰਾ ਆਪਣੇ ਬੱਚੇ ਦੇ RESP/REEE ਵਿੱਚ ਜਮਾ ਕੀਤੇ ਗਏ ਪਹਿਲੇ $500 ਵਿੱਚ ਹਰ ਡੱਾਲਰ 'ਤੇ ਕੈਨੇਡਾ ਸਿੱਖਿਆ ਬਚਤ ਅਨੁਦਾਨ ਤੁਹਾਨੂੰ 20 ਸੈਂਟਸ ਪ੍ਰਦਾਨ ਕਰੇਗੀ।

ਭਾਵੇਂ ਤੁਹਾਡੀ ਅਸਲ ਪਰਵਾਰਿਕ ਆਮਦਨੀ ਜਿੰਨੀ ਵੀ ਹੋਵੇ, ਜੇਕਰ ਤੁਸੀਂ $500 ਤੋਂ ਜ਼ਿਆਦਾ ਬਚਤ ਕਰਦੇ ਹੋ, ਤਾਂ ਕੈਨੇਡਾ ਸਿੱਖਿਆ ਬਚਤ ਅਨੁਦਾਨ ਤੁਹਾਨੂੰ ਹਰ ਅਤਿਰਿਕਤ ਡੱਾਲਰ 'ਤੇ, $2000 ਤਕ, 20 ਸੈਂਟਸ ਪ੍ਰਦਾਨ ਕਰੇਗੀ।

** ਇਹ ਡੱਾਲਰ ਰਕਮ ਹਰ ਸਾਲ ਵਧਾਈ ਜਾਂਦੀ ਹੈ।*

## ਮੈਨੂੰ ਪ੍ਰਾਪਤ ਹੋਣ ਵਾਲੀ ਅਧਿਕਤਮ ਕੈਨੇਡਾ ਸਿੱਖਿਆ ਬਚਤ ਅਨੁਦਾਨ ਕੀ ਹੈ ?

- $500 ਹਰ ਸਾਲ ; ਅਤੇ

- $7,200 ਪ੍ਰਤੀ ਜੀਵਨਕਾਲ।

## ਤਾਂ ਕੀ ਜੇਕਰ ਇਸ ਸਮੇਂ ਮੈਂ ਆਪਣੇ ਬੱਚੇ ਦੀ ਸਿੱਖਿਆ ਲਈ ਬਚਤ ਕਰਨ ਯੋਗ ਨਾ ਹੋਵਾਂ ?

- ਇੱਥੋਂ ਤਕ ਕਿ ਕੈਨੇਡਾ ਐਜੁਕੇਸ਼ਨ ਸੇਵਿੰਗਸ ਗ੍ਰਾਂਟ ਜੋੜੇ ਜਾਣ 'ਤੇ ਛੋਟੀ ਜਿਹੀ ਰਕਮ ਵੀ ਇੱਕ ਅੰਤਰ ਲਿਆ ਸਕਦੀ ਹੈ। ਇਸਤੋਂ ਅਲਾਵਾ, ਸਮੇਂ ਦੇ ਨਾਲ ਉਹ ਰਕਮ ਵਿਆਜ ਵੀ ਕਮਾਏਗੀ।

- ਤੁਸੀਂ $500 ਦੇ ਇੱਕ ਕੈਨੇਡਾ ਸਿੱਖਿਆ ਇਕਰਾਰਨਾਮਾ (Canada Learning Bond/Bon d'études canadien) ਲਈ ਵੀ ਯੋਗ ਹੋ ਸਕਦੇ ਹੋ :

  – ਜੇਕਰ ਤੁਹਾਡਾ ਬੱਚਾ 31 ਦਸੰਬਰ, 2003 ਤੋਂ ਬਾਅਦ ਪੈਦਾ ਹੋਇਆ ਹੋਵੇ, **ਅਤੇ**

  – ਜੇਕਰ ਤੁਸੀਂ ਕੈਨੇਡਾ ਬਾਲ ਕਰ ਲਾਭ (Canada Child Tax Benefit/Prestation fiscale canadienne pour enfants) ਦੇ ਇੱਕ ਹਿੱਸੇ ਦੇ ਤੌਰ 'ਤੇ ਰਾਸ਼ਟਰੀ ਬਾਲ ਲਾਭ ਪੂਰਕ (National Child Benefit Supplement/Supplément de la prestation nationale pour enfants) ਪ੍ਰਾਪਤ ਕਰਦੇ ਹੋਵੋ (ਕਈ ਵਾਰ ਪਰਵਾਰਿਕ ਭੱਤਾ ਜਾਂ ਨਿਆਣਾ ਬੋਨਸ ਭੁਗਤਾਨ ਕਿਹਾ ਜਾਣ ਵਾਲਾਖ਼। ਇਹ ਆਮਤੌਰ 'ਤੇ $35,595 ਤੋਂ ਘੱਟ ਅਸਲ ਪਰਵਾਰਿਕ ਆਮਦਨੀ ਵਾਲੇ ਪਰਵਾਰਾਂ 'ਤੇ ਲਾਗੂ ਹੁੰਦਾ ਹੈ।

- ਤੁਹਾਨੂੰ ਰਾਸ਼ਟਰੀ ਬਾਲ ਲਾਭ ਪੂਰਕ ਪ੍ਰਾਪਤ ਹੋਣਾ ਜਾਰੀ ਰਹਿਣ ਤਕ, ਤੁਸੀਂ 15 ਸਾਲਾਂ ਤਕ ਹਰ ਸਾਲ $100 ਅਤਿਰਿਕਤ ਵੀ ਪ੍ਰਾਪਤ ਕਰ ਸਕਦੇ ਹੋ।

- ਤੁਹਾਨੂੰ ਕੈਨੇਡਾ ਸਿੱਖਿਆ ਇਕਰਾਰਨਾਮਾ ਵਿੱਚ ਆਪਣੀ ਕਿਸੇ ਰਕਮ ਦਾ ਯੋਗਦਾਨ ਕਰਨ ਦੀ ਲੋੜ ਨਹੀਂ ਹੈ। ਤੁਹਾਨੂੰ ਸਿਰਫ਼ ਇੱਕ RESP/REEE ਖੁਲਵਾਉਣ ਦੀ ਲੋੜ ਹੈ ਅਤੇ ਕੈਨੇਡਾ ਸਰਕਾਰ ਤੁਹਾਡੇ ਬੱਚੇ ਦੇ RESP/REEE ਖਾਤੇ ਵਿੱਚ ਰਕਮ ਜਮਾ ਕਰ ਦੇਵੇਗੀ।

## ਤਾਂ ਕੀ ਜੇਕਰ ਮੇਰਾ ਬੱਚਾ ਹਾਈ ਸਕੂਲ ਤੋਂ ਬਾਅਦ ਪੜ੍ਹਾਈ ਜਾਰੀ ਨਾ ਰੱਖੇ ?

- **RESP/REEE 26 ਸਾਲਾਂ ਤਕ ਖੁੱਲਾ ਰਹਿ ਸਕਦਾ ਹੈ,** ਇਸਲਈ ਜੇਕਰ ਤੁਹਾਡਾ ਬੱਚਾ ਹਾਈ ਸਕੂਲ ਤੋਂ ਫ਼ੌਰਨ ਬਾਅਦ ਪੜ੍ਹਾਈ ਜਾਰੀ ਨਹੀਂ ਰੱਖਦਾ, ਤਾਂ ਉਸ ਵੱਲੋਂ ਬਾਅਦ ਵਿੱਚ ਵਿਦਿਆਲੇ ਜਾਣ ਦਾ ਫ਼ੈਸਲਾ ਕਰਨ 'ਤੇ ਰਕਮ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ।





- ਜੇਕਰ RESP/REEE ਖੁਲਵਾਉਣ ਦੇ 26 ਸਾਲਾਂ ਬਾਅਦ ਰਕਮ ਦਾ ਪ੍ਰਯੋਗ ਨਾ ਕੀਤਾ ਜਾਵੇ, **ਤਾਂ ਤੁਹਾਡੇ ਦੁਆਰਾ ਬਚਤ ਕੀਤੀ ਗਈ ਰਕਮ ਤੁਹਾਨੂੰ ਵਾਪਸ ਪ੍ਰਾਪਤ ਹੋ ਜਾਂਦੀ ਹੈ,** ਅਤੇ ਕੈਨੇਡਾ ਸਿੱਖਿਆ ਬਚਤ ਅਨੁਦਾਨ ਦਾ ਪ੍ਰਯੋਗ ਕਿਸੇ ਹੋਰ ਬੱਚੇ ਦੀ ਸਿੱਖਿਆ ਲਈ ਕੀਤਾ ਜਾ ਸਕਦਾ ਹੈ। ਕੈਨੇਡਾ ਸਿੱਖਿਆ ਇਕਰਾਰਨਾਮਾ ਕੈਨੇਡਾ ਸਰਕਾਰ ਨੂੰ ਵਾਪਸ ਕਰ ਦਿੱਤਾ ਜਾਂਦਾ ਹੈ।

## ਮੈਂ ਸਹਾਇਤਾ ਜਾਂ ਵਧੇਰੀ ਜਾਣਕਾਰੀ ਕਿੰਝ ਪ੍ਰਾਪਤ ਕਰ ਸਕਦਾ/ਸਕਦੀ ਹਾਂ ?

- **ਕੈਨੇਡਾ ਸਿੱਖਿਆ ਇਕਰਾਰਨਾਮਾ ਅਤੇ ਪੰਜੀਕ੍ਰਿਤ ਸਿੱਖਿਆ ਬਚਤ ਯੋਜਨਾਵਾਂ ਬਾਰੇ ਮੁਫ਼ਤ ਇਸ਼ਤਿਹਾਰਾਂ ਲਈ 1 800 O-CANADA (1 800 622-6232)** 'ਤੇ ਟੋਲ-ਫ੍ਰੀ ਕਾੱਲ ਕਰੋ।

- ਜੇਕਰ ਤੁਸੀਂ ਇੱਕ ਟੀ.ਟੀ.ਵਾਈ. ਦਾ ਪ੍ਰਯੋਗ ਕਰਦੇ ਹੋ, ਤਾਂ **1 800 926-9105** 'ਤੇ ਕਾੱਲ ਕਰੋ।

- ਇੰਟਰਨੇਟ 'ਤੇ **www.hrsdc.gc.ca** ਵੇਖੋ ਅਤੇ *ਟ੍ਰੇਨਿੰਗ ਐਂਡ ਲਰਨਿੰਗ* 'ਤੇ ਕਲਿੱਕ ਕਰੋ।

ਇਹ ਪਰਕਾਸ਼ਨ ਅੰਗ੍ਰੇਜ਼ੀ ਅਤੇ ਫ੍ਰੈਂਚ ਵਿੱਚ ਅਨੇਕ ਰੂਪਾਂ (ਵੱਡਾ ਪ੍ਰਿੰਟ, ਔੱਡਿਓ ਕੈਸੇਟ, ਬ੍ਰੇਲ ਅਤੇ ਡਿੱਸਕੈੱਟ) ਵਿੱਚ ਉਪਲਬਧ ਹੈ।

ਕਿਸੇ ਟੱਚਟੋਨ ਫ਼ੋਨ 'ਤੇ **1 866 386-9624** (ਟੋਲ ਫ਼੍ਰੀ) 'ਤੇ ਕੱਾਲ ਕਰੋ।

ਤੁਸੀਂ, ਵਿਭਾਗੀ ਸੂਚੀ ਸੰਖਿਆ **LC-009-03-05** ਦਰਸ਼ਾਉਂਦੇ ਹੋਏ, ਇਸ ਪਰਕਾਸ਼ਨ ਦੀਆਂ ਅਤਿਰਿਕਤ ਪ੍ਰਤੀਆਂ ਇੱਥੋਂ ਪ੍ਰਾਪਤ ਕਰ ਸਕਦੇ ਹੋ :

**Enquiries Centre/Centre de renseignements**
**Human Resources and Skills Development Canada/Ressources humaines et Développement des compétences Canada**

140 Promenade du Portage
Phase IV, Level/Niveau 0
Gatineau (Québec)
K1A 0J9

ਫ਼ੈਕਸ : (819) 953-7260

ਈਮੇਲ : publications@hrsdc.gc.ca

*ਮੁੱਖ ਪੰਨਾ ਅਤੇ ਪੰਨੇ 4 ਦੇ ਚਿੱਤਰ ਬਰਚ ਫ਼ੋਟੋਗ੍ਰਾਫ਼ਿੱਕਸ ਦੁਆਰਾ।*

© ਹਰ ਮੈਜਸਟੀ ਦਿ ਕਵੀਨ ਇਨ ਰਾਇਟ ਔੱਫ਼ ਕੈਨੇਡਾ 2005
ਸੂਚੀ ਸੰ. : **HS28-21/2005**
ਆਈ.ਐੱਸ.ਬੀ.ਐੱਨ. : **0-662-68859-7**

ਕੈਨੇਡਾ ਵਿੱਚ ਛਾਪਿਆ ਗਿਆ